रोल नं.

Roll No.

005

मुद्रित पृष्ठों की संख्या : 4

No. of printed pages : 4

205 (HCD)

# 2024
# ਪੰਜਾਬੀ

समय : 3 घण्टे]
Time : 3 Hours]

[पूर्णांक : 80
[Max. Marks : 80

## ਭਾਗ–(ੳ)

ਨੋਟ : ਸਾਰੇ ਪ੍ਰਸ਼ਨਾਂ ਦੇ ਉੱਤਰ ਜ਼ਰੂਰੀ ਹਨ।

1. (ੳ) (i) ਪੜ (ਅਗੇਤਰ ਦੇ ਦੋ ਸ਼ਬਦ ਬਣਾਓ) 3

(ii) ਦਾਰ (ਪਿਛੇਤਰ ਦੇ ਦੋ ਸ਼ਬਦ ਬਣਾਓ)

(iii) 'ਜਗਤ ਦਾ ਗੁਰੂ' ਸਮਾਸ ਬਣਾਓ

(ਅ) ਹੇਠ ਲਿਖੇ ਵਾਕ ਵਿਚੋਂ ਨਾਂਵ ਸ਼ਬਦਾਂ ਦੀ ਪਦ ਵੰਡ ਕਰੋ। 2

ਸੋਹਨ ਦਿੱਲੀ ਜਾਵੇਗਾ।

(ੲ) ਹੇਠ ਲਿਖੇ ਸ਼ਬਦਾਂ ਨੂੰ ਸ਼ੁਧ ਕਰਕੇ ਲਿਖੋ। 3

(i) ਦਆਿ, ਗਯਾਨ, ਗਰੀਭੀ, ਸੁਦਾਰ

(ii) ਵਾਕ ਨੂੰ ਸ਼ੁਧ ਕਰੋ

ਗਲਤ ਜਾ ਰਹੇ ਹੋ ਤੁਸੀ ਰਸਤੇ

(ਸ) (i) ਮੈਂ ਪੜ੍ਹਾਈ ਕਰਨਾ ਚਾਹੁੰਦਾ ਹਾਂ। (ਨਾਂਹ ਵਾਚਕ ਵਾਕ ਬਣਾਓ) 2

(ii) ਇਹ ਖਿਡੌਣਾ ਕਿਸਤੋਂ ਟੁੱਟਿਆ (ਕਰਮਣੀ ਵਾਕ ਬਣਾਓ)

(ਹ) ਵਿਸ਼ਰਾਮ ਚਿੰਨ੍ਹ ਲਗਾਓ– 2

(i) ਅਧਿਆਪਕ ਨੇ ਕਿਹਾ ਵਿਦਿਆਰਥੀਓ ਮਨ ਲਗਾ ਕੇ ਪੜ੍ਹਾਈ ਕਰੋ

(ii) ਕੀ ਤੁਸੀਂ ਮੈਚ ਜਿੱਤ ਗਏ ਹੋ

2. (ੳ) ਹੇਠ ਲਿਖਿਆਂ ਮੁਹਾਵਰਿਆਂ ਵਿਚੋਂ ਕਿਸੇ ਦੋ ਨੂੰ ਵਾਕਾਂ ਵਿਚ ਵਰਤ ਕੇ ਸਪਸ਼ਟ ਕਰੋ– 2+1=3

ਈਦ ਦਾ ਚੰਨ ਹੋਣਾ, ਸਰ ਕਰਨਾ, ਅੱਖਾਂ ਉਤੇ ਬਿਠਾਉਣਾ, ਹੱਥ ਪੈਰ ਮਾਰਨੇ

(ਅ) ਹੇਠ ਲਿਖੇ ਇੱਕ ਅਖਾਣ ਨੂੰ ਕਿਹੜੇ ਵਿਸ਼ੇਸ਼ ਮੌਕਿਆਂ ਤੇ ਵਰਤਿਆ ਜਾਂਦਾ ਹੈ–

ਇਕ ਚੁੱਪ ਸੌ ਸੁੱਖ, ਇਕ ਅਨਾਰ ਸੌ ਬਿਮਾਰ



Download from www.CCLChapter.com

3. ਹੇਠ ਲਿਖਿਆਂ ਵਿਸ਼ਿਆਂ ਵਿਚੋਂ ਕਿਸੇ ਇਕ ਉਪਰ ਲਗਭਗ 200-225 ਸ਼ਬਦਾਂ 'ਚ ਨਿਬੰਧ ਲਿਖੋ। 10

ਵਧ ਰਹੀ ਮਹਿੰਗਾਈ—ਇਕ ਸਮੱਸਿਆ, ਸ਼੍ਰੀ ਗੁਰੂ ਗੋਬਿੰਦ ਸਿੰਘ ਜੀ,

ਵਿਦਿਆ ਦਾ ਮਹੱਤਵ,

ਵਿਦਿਆਰਥੀ ਤੇ ਅਨੁਸ਼ਾਸ਼ਨ,

ਕੰਪਿਊਟਰ ਸਿੱਖਿਆ

4. ਕਿਸੇ ਅਖਬਾਰ ਦੇ ਸੰਪਾਦਕ ਨੂੰ ਚਿੱਠੀ ਲਿਖੋ ਕਿ ਉਹ ਇਸਤਰੀ ਵਿਦਿਆ ਦੇ ਮਹੱਤਵ ਸੰਬੰਧੀ ਪ੍ਰਚਾਰ ਪ੍ਰਸਾਰ ਲਈ ਲੇਖ ਪ੍ਰਕਾਸ਼ਿਤ ਕੀਤੇ ਜਾਣ। 8

ਜਾਂ

ਆਪਣੇ ਭਰਾ ਨੂੰ ਖੇਡਾਂ ਦਾ ਮਹੱਤਵ ਦੱਸਦੇ ਹੋਏ, ਪੜ੍ਹਾਈ ਦੇ ਨਾਲ-ਨਾਲ ਖੇਡਾਂ 'ਚ ਹਿੱਸਾ ਲੈਣ ਲਈ ਪ੍ਰੇਰਿਤ ਕਰੋ।

5. ਹੇਠ ਲਿਖੇ ਪੈਰ੍ਹੇ ਨੂੰ ਸੰਖੇਪ ਕਰਕੇ ਲਿਖੋ ਅਤੇ ਇਸ ਦਾ ਢੁਕਵਾਂ ਸਿਰਲੇਖ ਲਿਖੋ। 5+2=7

ਘਰ ਇੱਟਾਂ ਜਾਂ ਵੱਟਿਆਂ ਦੇ ਬਣੇ ਹੋਏ ਕੋਠੇ ਨੂੰ ਨਹੀਂ ਕਹਿੰਦੇ। ਘਰ ਤੋਂ ਭਾਵ ਉਹ ਥਾਂ ਹੈ, ਜਿਥੇ ਜਵਾਨੀ ਵਿੱਚ ਸਾਰੇ ਜਹਾਨ ਨੂੰ ਗਾਹ ਕੇ, ਲਤਾੜ ਕੇ, ਖੱਟੀ ਕਮਾਈ ਕਰਕੇ, ਮੁੜ ਆਉਣ ਨੂੰ ਜੀਅ ਕਰਦਾ ਹੈ, ਜਿਥੇ ਬੁਢੇਪੇ ਵਿੱਚ ਬਹਿ ਕੇ ਸਾਰੇ ਜੀਵਨ ਦੇ ਝਮੇਲਿਆਂ ਤੋਂ ਮਿਲੀ ਵਿਹਲ ਨੂੰ ਆਰਾਮ ਨਾਲ ਕੱਟਣ ਲਈ ਇਉਂ ਸੁਆਦ ਆਉਂਦਾ ਹੈ ਜਿਵੇਂ ਬਚਪਨ ਵਿੱਚ ਮਾਂ ਬੋਲੀ ਵਿੱਚ ਆਉਂਦਾ ਸੀ। ਘਰ ਮਨੁੱਖ ਦੇ ਨਿੱਜੀ ਵਲਵਲਿਆਂ ਤੇ ਸ਼ਖਸ਼ੀ ਰਹਿਣੀ ਦਾ ਕੇਂਦਰ ਹੁੰਦਾ ਹੈ।

## ਭਾਗ—(ਅ)

6. ਪਾਠ-ਪੁਸਤਕ ਤੇ ਆਧਾਰਿਤ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ। 6×1=6

(ੳ) ਹਉਂ ਨੂੰ ਮਾਰਕੇ ਅਰਦਾਸ ਕਰਨ ਨਾਲ ਕੀ ਸੁੱਖ ਮਿਲਦਾ ਹੈ?

(ਅ) ਸ਼੍ਰੀ ਗੁਰੂ ਨਾਨਕ ਦੇਵ ਜੀ ਕਿਸ ਯੁੱਗ ਵਿੱਚ ਪ੍ਰਗਟ ਹੋਏ?

(ੲ) 'ਜਵਾਨ ਪੰਜਾਬ ਦੇ' ਕਵਿਤਾ ਅਨੁਸਾਰ ਪੰਜਾਬ ਦੇ ਜਵਾਨਾਂ ਨੂੰ ਕਿਵੇਂ ਵੱਸ ਵਿੱਚ ਕੀਤਾ ਜਾ ਸਕਦਾ ਹੈ?

(ਸ) ਜੀਤੀ ਨੂੰ ਆਪਣੀ ਮਾਂ ਤੇ ਕਿਉਂ ਗੁੱਸਾ ਆਉਂਦਾ ਸੀ ?

(ਹ) ਧਰਮ ਬਾਰੇ ਟਾਲਸਟਾਇ ਦੇ ਕੀ ਵਿਚਾਰ ਹਨ?

(ਕ) ਸ਼੍ਰੀ ਗੁਰੂ ਤੇਗ ਬਹਾਦਰ ਜੀ ਦੇ ਧੜ ਦਾ ਸੰਸਕਾਰ ਕਿਸ ਨੇ ਤੇ ਕਿਵੇਂ ਕੀਤਾ ?

7. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਆਪਣੀਆਂ ਪਾਠ-ਪੁਸਤਕਾਂ ਦੇ ਆਧਾਰ ਤੇ ਲਿਖੋ— 8×2=16

(ੳ) ਪ੍ਰਾਰਥਨਾ ਬਾਰੇ ਆਪਣੇ ਵਿਚਾਰ ਪ੍ਰਗਟ ਕਰੋ।

(ਅ) 'ਅਗਲੇ ਜ਼ਮਾਨੇ' ਲੇਖ ਵਿੱਚ ਅਧਿਆਪਕ ਅਤੇ ਵਿਦਿਆਰਥੀ ਦੇ ਰਿਸ਼ਤੇ ਵਿੱਚ ਕੀ ਤਬਦੀਲੀ ਆਈ ਹੈ ?



Download from www.CCLChapter.com

(ਏ) 'ਮਾਂ ਦਾ ਦਿਲ' ਕਵਿਤਾ ਵਿੱਚ ਸੁੰਦਰੀ ਨੇ ਨੌਜਵਾਨ ਤੋਂ ਕੀ ਮੰਗ ਕੀਤੀ ?

(ਸ) ਜੀਤੀ ਦੀ ਮਾਂ ਆਪਣੀ ਸੱਸ (ਜੀਤੀ ਦੀ ਦਾਦੀ) ਨਾਲ ਕਿਹੋ ਜਿਹਾ ਸਲੂਕ ਕਰਦੀ ਸੀ ?

(ਹ) ਵਲੀ ਕੰਧਾਰੀ ਕੌਣ ਸੀ ਅਤੇ ਕਿਥੇ ਰਹਿੰਦਾ ਸੀ ?

(ਕ) ਨੌਵੇਂ ਗੁਰੂ ਜੀ ਦਾ ਨਾਂ ਤਿਆਗ ਮੱਲ ਤੋਂ ਤੇਗ ਬਹਾਦਰ ਕਿਵੇਂ ਪਿਆ ?

(ਖ) ਬਾਬਾ ਗੁਰਦਿੱਤ ਸਿੰਘ ਜੀ ਦੇ ਮੁੱਢਲੇ ਜੀਵਨ ਬਾਰੇ ਦੱਸੋ।

(ਗ) ਡਾ. ਰਾਧਾ ਕ੍ਰਿਸ਼ਨਨ ਦਾ ਦੂਸਰੇ ਧਰਮਾਂ ਬਾਰੇ ਕੀ ਦ੍ਰਿਸ਼ਟੀਕੋਣ ਸੀ ?

8. 'ਕੋਊ ਨਾ ਨਿਬਹਿਓ ਸਾਥਿ' ਇਕਾਂਗੀ ਵਿੱਚ ਨਾਟਕਕਾਰ ਕੀ ਦੱਸਣਾ ਚਾਹੁੰਦਾ ਹੈ, ਆਪਣੇ ਸ਼ਬਦਾਂ ਵਿੱਚ ਲਿਖੋ। 4

9. ਪ੍ਰਿੰਸੀਪਲ ਤੇਜਾ ਸਿੰਘ ਰਚਿਤ 'ਅਗਲੇ ਜਮਾਨੇ' ਵਿੱਚ ਸਮਾਜਿਕ ਨਾ ਬਰਾਬਰੀ ਲਈ ਕੀ ਯਤਨ ਕੀਤੇ। 3

10. ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ ਦਿੱਤੇ ਹੋਏ ਪ੍ਰਸ਼ਨਾਂ ਦੇ ਉੱਤਰ ਲਿਖੋ— 3

"ਓਏ ਥੋਨੂੰ ਕਿੰਨੀ ਵਾਰੀ ਆਖਿਐ ਬਈ ਇਓਂ ਨਾ ਖੜਿਆ ਕਰੋ।
ਸਹੁਰਿਉ, ਟਰੈਫਿਕ ਰੋਕ ਕੇ ਖੜ੍ਹ ਜਾਨੇ ਓ। ਵੱਡੇ ਸਾਹਿਬ ਆ ਗਏ
ਤਾਂ ਥੋਡੇ ਕੜਾਕੇ ਕੱਢ ਦੇਣਗੇ, ਨਾਲੇ ਸਾਡੀ ਧੂ-ਘੜੀਸ ਹੋਜੂ।

(i) ਇਹ ਪੈਰ੍ਹਾ ਕਿਸ ਕਹਾਣੀ ਵਿਚੋਂ ਲਿਆ ਗਿਆ ਹੈ ?

(ii) ਇਸ ਕਹਾਣੀ ਦਾ ਲੇਖਕ ਕੌਣ ਹੈ ?

(iii) ਇਸ ਕਥਾ-ਅੰਸ਼ ਵਿੱਚ ਕਹਾਣੀਕਾਰ ਕੀ ਕਹਿਣਾ ਚਾਹੁੰਦਾ ਹੈ ?

11. ਹੇਠ ਲਿਖਿਆਂ ਕਾਵਿ-ਅੰਸ਼ਾਂ ਦੇ ਆਧਾਰ ਤੇ, ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ—

(ੳ) ਲੱਖ-ਲੱਖ ਵਾਰੀ ਤੈਥੋਂ, ਵਾਰੀ ਜਾਏ ਅੰਬੜੀ ਇਹ, 4
ਸੱਟ ਤਾਂ ਨਹੀਂ ਲੱਗੀ, ਮੇਰੇ ਬੱਚਿਆ ਪਿਆਰਿਆ।
ਸ਼ਰਫ ਜੀ! ਇਹ ਹੌਸਲਾ ਏ ਮਾਂ ਦੇ ਪਿਆਰ ਦਾ ਈ,
ਪੁੱਤ ਹੱਥੋਂ ਮਰਕੇ ਵੀ ਮੋਹ ਨਹੀਂ ਵਿਸਾਰਿਆ।

(i) ਇਹ ਕਵਿ-ਸੱਤਰਾਂ 'ਕਿਸ ਰਚਨਾ' ਚੋਂ ਲਈਆਂ ਗਈਆਂ ਹਨ ?

(ii) ਇਸ ਕਵਿਤਾ ਦੇ ਕਵੀ ਦਾ ਨਾਂ ਦੱਸੋ।

(iii) ਇਹਨਾਂ ਸੱਤਰਾਂ ਰਾਹੀਂ ਕਵੀ ਕੀ ਸੰਦੇਸ਼ ਦੇਣਾ ਚਾਹ ਰਿਹਾ ਹੈ ?

(iv) ਅੰਬੜੀ ਕਿਹਦੇ 'ਤੋਂ ਵਾਰੀ ਜਾਂਦੀ ਹੈ ?



Download from www.CCLChapter.com

(ਅ) "ਇਹ ਬੇਪਰਵਾਰ ਪੰਜਾਬ ਦੇ,

ਮੌਤ ਨੂੰ ਮਖੌਲਾਂ ਕਰਨ,

ਮਰਨ ਥੀਂ ਨਹੀਂ ਡਰਦੇ।

ਪਿਆਰ ਨਾਲ ਇਹ ਕਰਨ ਗੁਲਾਮੀ,

ਜਾਨ ਕੋਹ ਆਪਣੀ ਵਾਰ ਦਿੰਦੇ,

ਪਰ ਟੈਂ ਨਾ ਮੰਨਣ ਕਿਸੇ ਦੀ,

ਖਲੋ ਜਾਣ ਡਾਗਾਂ ਮੋਢੇ ਤੇ ਉਲਾਰਦੇ। 4

(i) ਇਹ ਕਾਵਿ-ਸੱਤਰਾਂ ਕਿਸ ਕਵਿਤਾਂ 'ਚੋਂ ਲਈਆਂ ਗਈਆਂ ਹਨ ?

(ii) ਉਪਰੋਕਤ ਕਾਵਿ-ਸੱਤਰਾਂ ਦੇ ਆਧਾਰ 'ਤੇ ਪੰਜਾਬ ਦੇ ਜਵਾਨਾਂ ਦਾ ਸੁਭਾਅ ਲਿਖੋ।

(iii) ਪਰ ਟੈਂ ਨਾ ਮੰਨਣ ਕਿਸੇ ਦੀ 'ਤੋਂ ਕੀ ਭਾਵ ਹੈ ?

(iv) ਪੰਜਾਬ ਦੇ ਜਵਾਨ ਕਿਸ ਤੋਂ ਨਹੀਂ ਡਰਦੇ ?



Download from www.CCLChapter.com